**ਚੋਣਕਾਰ ਰਜਿਸਟ੍ਰੇਸ਼ਨ ਅਫਸਰ -ਕਮ- ਉਪ ਮੰਡਲ ਮੈਜਿਸਟਰੇਟ, 095 ਮੌੜ**

ਵੱਲ,

ਸਮੂਹ ਵਿਭਾਗਾਂ/ਦਫਤਰਾਂ ਦੇ ਮੁਖੀ,
ਬਠਿੰਡਾ ।

ਪੱਤਰ ਨੰ..2678../ਚੋਣਾਂ

ਮਿਤੀ 25/07/2023

ਵਿਸ਼ਾ:- Special Summary Revision of Photo Electoral Rolls w.r.t.01.01.2024 as the qualifying date programme-reg.

ਹਵਾਲਾ:- ਜਿਲ੍ਹਾਂ ਚੋਣ ਅਫਸਰ, ਬਠਿੰਡਾ ਜੀ ਦੇ ਦਫਤਰ ਦਾ ਪੱਤਰ ਨੰ.2023/ਚਸ-3729 ਮਿਤੀ 04.07.2023 ਦੇ ਸਬੰਧ ਵਿੱਚ ।

ਉਪਰੋਕਤ ਵਿਸ਼ੇ ਮੁਤੇ ਹਵਾਲੇ ਅਧੀਨ ਪੱਤਰ ਰਾਹੀਂ ਪ੍ਰਾਪਤ ਹਦਾਇਤਾਂ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਯੋਗਤਾ ਮਿਤੀ 01.01.2024 ਦੇ ਆਧਾਰ ਤੇ Pre-Reversion Acitivities Schedule ਪ੍ਰਾਪਤ ਹੋਇਆ ਹੈ। ਜਿਸ ਅਨੁਸਾਰ ਮਿਤੀ 21.07.2023 ਤੋਂ 21.08.2023 ਤੱਕ ਬੀ.ਐੱਲ.ਓਜ ਦੁਆਰਾ ਡੋਰ ਟੂ ਡੋਰ ਸਰਵੇ ਕੀਤਾ ਜਾਣਾ ਹੈ ਅਤੇ ਫਾਰਮ ਨੰ. 6,6ਏ, 7, 8 ਅਤੇ 6ਬੀ ਭਰੇ ਜਾਣੇ ਹਨ। ਇਸ ਕੰਮ ਨੂੰ ਮਿੱਥੇ ਸਮੇਂ ਵਿੱਚ ਹਰ ਹਾਲ ਵਿੱਚ ਪੂਰਾ ਕੀਤਾ ਜਾਣ ਲਈ ਹਦਾਇਤਾਂ ਜਾਰੀ ਹੋਈਆਂ ਹਨ। ਇਸ ਤੋਂ ਇਲਾਵਾ ਆਪ ਨੂੰ ਲਿਖਿਆ ਜਾਂਦਾ ਹੈ ਕਿ ਬੀ.ਐੱਲ.ਓਜ ਵੱਲੋਂ ਡੋਰ ਟੂ ਡੋਰ ਜਾ ਕੇ ਸਰਵੇ ਦੇ ਕੰਮ ਨੂੰ ਮੁੱਖ ਰੱਖਦਿਆਂ ਇਸ ਅਵਧੀ ਦੌਰਾਨ ਸਮੂਹ ਟੀਚਿੰਗ / ਨਾਨ-ਟੀਚਿੰਗ ਸਟਾਫ, ਜਿਨ੍ਹਾਂ ਦੀ ਬਤੌਰ ਬੀ.ਐੱਲ.ਓ ਇਸ ਵਿਧਾਨ ਸਭਾ ਹਲਕੇ 095 ਮੌੜ ਵਿਖੇ ਡਿਊਟੀ ਲੱਗੀ ਹੋਈ ਹੈ, ਨੂੰ ਉਕਤ ਸ਼ਡਿਊਲ ਅਨੁਸਾਰ ਦਿਨ ਮੰਗਲਵਾਰ ਅਤੇ ਵੀਰਵਾਰ ਨੂੰ (21.07.2023 ਤੋਂ 21.08.2023) ਨੂੰ ਚੋਣ ਡਿਊਟੀ ਲਈ ਦਫਤਰੀ ਡਿਊਟੀ ਤੋਂ ਫਾਰਗ ਕੀਤਾ ਜਾਵੇ। ਇਨ੍ਹਾਂ ਹਦਾਇਤਾਂ ਨੂੰ ਆਪਣੇ ਵਿਭਾਗ/ਸਕੂਲ ਦੇ ਮੁੱਖੀਆਂ ਨੂੰ ਤੁਰੰਤ ਭੇਜੀਆਂ ਜਾਣ ਤਾਂ ਜੋ ਡੋਰ ਟੂ ਡੋਰ ਸਰਵੇ ਦੇ ਕੰਮ ਨੂੰ ਨਿਰਵਿਘਨ ਮੁਕੰਮਲ ਕੀਤਾ ਜਾ ਸਕੇ।

ਸੋ ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪਦੇ ਅਧੀਨ ਕੰਮ ਕਰ ਰਹੇ ਸਮੂਹ ਕਰਮਚਾਰੀ, ਜਿਨ੍ਹਾਂ ਦੀ 095 ਮੌੜ ਸਭਾ ਹਲਕੇ ਵਿਖੇ ਬਤੌਰ ਬੀ.ਐੱਲ.ਓ ਡਿਊਟੀ ਲੱਗੀ ਹੋਈ ਹੈ, ਨੂੰ ਹਦਾਇਤ ਕੀਤੀ ਜਾਵੇ ਕਿ ਉਹ ਮਿਤੀ 21.08.2023 ਤੱਕ ਹਰ ਹਾਲਤ ਵਿੱਚ ਮੁਕੰਮਲ ਕਰਨਗੇ ਅਤੇ ਸਬੰਧਤ ਸੁਪਰਵਾਂਈਜਰ ਨੂੰ ਰਿਪੋਰਟ ਭੇਜਣਾ ਯਕੀਨੀ ਬਣਾਉਣਗੇ। ਜੇਕਰ ਕਿਸੇ ਸਕੂਲ ਵਿੱਚ ਇੱਕ ਜਾਂ ਇੱਕ ਤੋਂ ਵੱਧ ਅਧਿਆਪਕਾਂ ਦੀ ਡਿਊਟੀ ਬਤੌਰ ਬੀ.ਐੱਲ.ਓ ਲੱਗੀ ਹੈ ਅਤੇ ਉਹ ਆਪਣਾ ਰੋਸਟਰ ਬਣਾ ਲੈਣ ਤਾਂ ਜੋ ਸਕੂਲ ਨੂੰ ਖਾਲੀ ਨਾ ਛੱਡਿਆ ਅਤੇ ਜੇਕਰ ਕਿਸੇ ਸਕੂਲ ਵਿੱਚ ਇੱਕ ਹੀ ਅਧਿਆਪਕ ਹੈ ਤੇ ਉਹ ਬੀ.ਐੱਲ.ਓ ਲੱਗਿਆ ਹਿਆ ਹੈ ਤਾਂ ਜਿਲ੍ਹਾਂ ਸਿੱਖਿਆ ਅਫਸਰ (ਸੈ.ਸਿ) ਬਠਿੰਡਾ, ਜਿਲ੍ਹਾਂ ਸਿੱਖਿਆ ਅਫਸਰ (ਐ.ਸਿ) ਬਠਿੰਡਾ ਸੰਬੰਧਿਤ ਬੀ.ਪੀ.ਈ.ਓਜ਼ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਉਸ ਸਕੂਲ ਵਿੱਚ ਅਧਿਆਪਕ ਦਾ ਪ੍ਰਬੰਧ ਕਰਨ ਦੇ ਜਿੰਮੇਵਾਰ ਹੋਣਗੇ ਤਾਂ ਜੋ ਕੰਮ ਨੂੰ ਨਿਰਵਿਘਨਤਾ ਨਾਲ ਕੀਤਾ ਜਾ ਸਕੇ।

ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾਂ ਕਰਨੀ ਯਕੀਨੀ ਬਣਾਈ ਜਾਵੇ।

ਚੋਣਕਾਰ ਰਜਿਸਟਰੇਸ਼ਨ ਅਫਸਰ-ਕਮ-
ਵਿਧਾਨ ਸਭਾ ਹਲਕਾ 095 ਮੌੜ।
ਮਿਤੀ..25/07/2023

ਪਿੰਠ ਅੰਕਣ ਨੰ..2679..80./

ਇਸ ਦਾ ਇੱਕ ਉਤਾਰਾਂ:-

1. ਜਿਲ੍ਹਾ ਚੋਣ ਅਫਸਰ ਬਠਿੰਡਾ ਜੀ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।
2. ਸਮੂਹ ਸੁਪਰਵਾਈਜਰ ਵਿਧਾਨ ਸਭਾ ਹਲਕਾ 095 ਮੌੜ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪ ਅਧੀਨ ਕੰਮ ਕਰਦੇ ਬੀ.ਐੱਲ.ਓਜ ਨੂੰ ਡਿਊਟੀ ਸਬੰਧੀ ਸੂਚਿਤ ਕਰ ਦਿੱਤਾ ਜਾਵੇ, ਅਤੇ ਪੱਤਰ ਵਿੱਚ ਦਰਜ ਅਨੁਸਾਰ ਰਿਪੋਰਟ ਹਫਤੇ ਦੇ ਹਰ ਸੋਮਵਾਰ ਇਸ ਦਫਤਰ ਨੂੰ ਭੇਜਣਾ ਯਕੀਨੀ ਬਣਾਈ ਜਾਵੇ।

ਚੋਣਕਾਰ ਰਜਿਸਟਰੇਸ਼ਨ ਅਫਸਰ-ਕਮ-
ਵਿਧਾਨ ਸਭਾ ਹਲਕਾ 095 ਮੌੜ।

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ**

**ਪਿਠ ਅੰਕਣ ਨੰ : ਜੀ-4/1 ( ) 2023 /** **ਮਿਤੀ : 28/07/2023**

**ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਵਿਚ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ।**

28/7/23

**ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)**
**ਬਠਿੰਡਾ ।**

Scanned with CamScanner
Scanned with OKEN Scanner